# ਆਕਾਸ਼ਵਾਣੀ ਜਲੰਧਰ

## ਪ੍ਰਦੇਸ਼ਿਕ ਖਬਰਾਂ ਪੰਜਾਬੀ

**18:20 Pm**

**ਮਿਤੀ: 04-06-2024**

- ਪੰਜਾਬ ਵਿਚ ਕਾਂਗਰਸ ਨੂੰ ਤਿੰਨ ਹਲਕਿਆਂ ਵਿਚ ਜਿੱਤ ਮਿਲੀ ਤੇ ਚਾਰ ਤੇ ਉਮੀਦਵਾਰ ਅਗੇ। ਆਮ ਆਦਮੀ ਪਾਰਟੀ ਨੂੰ ਇਕ ਹਲਕੇ ਵਿਚ ਜਿੱਤ ਹਾਸਲ ਤੇ ਦੋ ਤੇ ਉਮੀਦਵਾਰ ਅਗੇ, ਸ਼ਿਰੋਮਣੀ ਅਕਾਲੀ ਦਲ ਨੂੰ ਇਕ ਅਤੇ ਆਜ਼ਾਦ ਨੂੰ ਦੋ ਸੀਟਾਂ ਮਿਲਣ ਦੇ ਆਸਾਰ।
- ਸਾਰੇ ਨਤੀਜੇ ਦੇਰ ਰਾਤ ਤਕ ਐਲਾਨੇ ਜਾਣ ਦੀ ਉਮੀਦ।
- ਆਮ ਆਦਮੀ ਪਾਰਟੀ ਦੇ ਪੰਜ ਵਿਚੋਂ ਚਾਰ ਮੰਤਰੀਆਂ ਨੂੰ ਹਾਰ ਦਾ ਸਾਹਮਣਾ ਕਰਨਾ ਪਿਆ ਏ।
- ਸ਼ਿਰੋਮਣੀ ਅਕਾਲੀ ਦਲ ਦੇ ਉਮੀਦਵਾਰ ਵੀ ਜ਼ਿਆਦਾਤਰ ਹਲਕਿਆਂ ਵਿਚ ਤੀਜੇ ਤੋਂ ਪੰਜਵੇਂ ਸਥਾਨ ਤੇ ਰਹੇ।

- ਖਡੂਰ ਸਾਹਿਬ ਤੇ ਫਰੀਦਕੋਟ ਤੋਂ ਆਜ਼ਾਦ ਉਮੀਦਵਾਰਾਂ ਨੂੰ ਵੋਟਰਾਂ ਨੇ ਦਿੱਤਾ ਭਾਰੀ ਸਮਰਥਨ।

-----------------------------------------------------------------

ਪੰਜਾਬ ਦੇ 13 ਲੋਕਸਭਾ ਹਲਕਿਆਂ ਵਿਚੋਂ ਪੰਜ ਦੇ ਨਤੀਜੇ ਹਾਲੇ ਤਕ ਐਲਾਨੇ ਜਾ ਚੁਕੇ ਨੇ ਅਤੇ ਇਨ੍ਹਾਂ ਵਿਚੋਂ 4 ਕਾਂਗਰਸ ਪਾਰਟੀ ਅਤੇ ਇਕ ਆਮ ਆਦਮੀ ਪਾਰਟੀ ਦੇ ਹੱਕ ਵਿਚ ਗਏ ਨੇ। ਬਠਿੰਡਾ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਹਰਸਿਮਰਤ ਕੌਰ ਬਾਦਲ, ਫਿਰੋਜ਼ਪੁਰ ਤੋਂ ਕਾਂਗਰਸ ਪਾਰਟੀ ਦੇ ਸ਼ੇਰ ਸਿੰਘ ਘੁਬਾਇਆ, ਲੁਧਿਆਣਾ ਤੋਂ ਅਮਰਿੰਦਰ ਸਿੰਘ ਰਾਜਾ ਵੜਿੰਗ ਤੇ ਗੁਰਦਾਸਪੁਰ ਤੋਂ ਸੁਖਜਿੰਦਰ ਸਿੰਘ ਰੰਧਾਵਾ ਅਤੇ ਆਮ ਆਦਮੀ ਪਾਰਟੀ ਦੇ ਅਨੰਦਪੁਰ ਸਾਹਿਬ ਤੋਂ ਮਾਲਵਿੰਦਰ ਸਿੰਘ ਕੰਗ ਤੇ ਹੁਸ਼ਿਆਰਪੁਰ ਤੋਂ ਡਾਕਟਰ ਰਾਜ ਕੁਮਾਰ ਚੱਬੇਵਾਲ ਜਦਕਿ ਫਰੀਦਕੋਟ ਤੋਂ ਆਜ਼ਾਦ ਉਮੀਦਵਾਰ ਸਰਬਜੀਤ ਸਿੰਘ ਖ਼ਾਲਸਾ ਤੇ ਖਡੂਰ ਸਾਹਿਬ ਤੋਂ ਅੰਮ੍ਰਿਤ ਪਾਲ ਸਿੰਘ ਅਗੇ ਚਲ ਰਹੇ ਨੇ ਅਤੇ ਚੋਣ ਕਮਿਸ਼ਨ ਵਲੋਂ ਇਨਾਂ ਦੀ ਜਿੱਤ ਦਾ ਸਿਰਫ ਰਸਮੀ ਐਲਾਨ ਕੀਤਾ ਜਾਣਾ ਬਾਕੀ ਏ। ਇਸ ਤੋਂ ਪਹਿਲੇ ਵੋਟਾਂ ਦੀ ਗਿਣਤੀ ਸਵੇਰੇ ਠੀਕ ਅੱਠ ਵਜੇ ਸਖਤ

ਸੁਰੱਖਿਆ ਪ੍ਰਬੰਧਾਂ ਹੇਠ ਸੂਬੇ ਦੇ 117 ਮੱਤਗਣਨਾ ਕੇਂਦਰਾਂ ਤੇ ਸ਼ੁਰੂ ਹੋਈ। ਫਿਰੋਜ਼ਪੁਰ ਤੇ ਪਟਿਆਲਾ ਵਿਚ ਬੇਹੱਦ ਹੀ ਕਰੀਬੀ ਮੁਕਾਬਲਾ ਵੇਖਣ ਨੂੰ ਮਿਲਿਆ।

---------------------------------------------------

ਜਲੰਧਰ ਰਾਖਵੇਂ ਲੋਕਸਭਾ ਹਲਕੇ ਤੋਂ ਪਾਰਟੀ ਦੇ ਉਮੀਦਵਾਰ ਚਰਨਜੀਤ ਸਿੰਘ ਚੰਨੀ ਨੇ ਭਾਜਪਾ ਦੇ ਸੁਸ਼ੀਲ ਕੁਮਾਰ ਰਿੰਕੂ ਨੂੰ ਇਕ ਲੱਖ 75 ਹਜ਼ਾਰ 993 ਵੋਟਾਂ ਦੇ ਵੱਡੇ ਫਰਕ ਨਾਲ ਹਰਾਇਆ। ਚਰਨਜੀਤ ਸਿੰਘ ਚੰਨੀ ਨੂੰ 3 ਲੱਖ 90 ਹਾਜ਼ਰ 53 ਵੋਟ ਮਿਲੇ ਜਦਕਿ ਸੁਸ਼ੀਲ ਕੁਮਾਰ ਰਿੰਕੂ ਦੇ ਪੱਖ ਵਿਚ 2 ਲੱਖ 14 ਹਾਜ਼ਰ 60 ਵੋਟ ਪਏ। ਫਤਹਿਗੜ੍ਹ ਸਾਹਿਬ ਰਾਖਵੇਂ ਲੋਕਸਭਾ ਹਲਕੇ ਤੋਂ ਮੌਜੂਦਾ ਸਾਂਸਦ ਕਾਂਗਰਸ ਪਾਰਟੀ ਦੇ ਅਮਰ ਸਿੰਘ ਮੁੜ ਤੋਂ ਜਿੱਤ ਗਏ ਨੇ। ਉਨਾਂ ਆਮ ਆਦਮੀ ਪਾਰਟੀ ਦੇ ਗੁਰਪ੍ਰੀਤ ਸਿੰਘ ਜੀ ਪੀ ਨੂੰ 34 ਹਜ਼ਾਰ 202 ਵੋਟਾਂ ਦੇ ਫਰਕ ਨਾਲ ਹਰਾਇਆ ਏ। ਉਨਾਂ ਨੂੰ ਕੁਲ 3 ਲੱਖ 32 ਹਜ਼ਾਰ 591 ਵੋਟਾਂ ਹਾਸਲ ਹੋਇਆਂ ਨੇ ਜਦਕਿ ਆਮ ਆਦਮੀ ਪਾਰਟੀ ਦੇ ਉਮੀਦਵਾਰ ਨੂੰ ਦੋ ਲੱਖ 98 ਹਜ਼ਾਰ 389 ਵੋਟ ਮਿਲੇ। ਭਾਰਤੀ ਜਨਤਾ ਪਾਰਟੀ ਦੇ

ਉਮੀਦਵਾਰ ਗੇਜਾ ਰਾਮ 1 ਲੱਖ 27 ਹਜ਼ਾਰ 521 ਵੋਟਾਂ ਨਾਲ ਤੀਜੇ ਨੰਬਰ ਤੇ ਰਹੇ। ਆਮ ਆਦਮੀ ਪਾਰਟੀ ਦੇ ਗੁਰਮੀਤ ਸਿੰਘ ਮੀਤ ਹੇਯਰ ਨੇ ਸੰਗਰੂਰ ਲੋਕਸਭਾ ਹਲਕੇ ਵਿਚ ਸ਼ਾਨਦਾਰ ਜਿੱਤ ਹਾਸਲ ਕੀਤੀ ਏ। ਉਨਾਂ 3 ਲੱਖ 64 ਹਜ਼ਾਰ 85 ਵੋਟ ਹਾਸਲ ਕਰਕੇ ਕਾਂਗਰਸ ਪਾਰਟੀ ਦੇ ਤੇਜ ਤਰਾਰ ਨੇਤਾ ਸੁਖਪਾਲ ਸਿੰਘ ਖਹਿਰਾ ਨੂੰ 1 ਲੱਖ 72 ਹਜ਼ਾਰ 560 ਵੋਟਾਂ ਦੇ ਵੱਡੇ ਫਰਕ ਨਾਲ ਹਰਾਇਆ ਏ। ਸੁਖਪਾਲ ਸਿੰਘ ਖਹਿਰਾ ਨੂੰ 1 ਲੱਖ 91 ਹਜ਼ਾਰ 525 ਵੋਟ ਮਿਲੇ ਜਦਕਿ ਸ਼ਿਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ 1 ਲੱਖ 87 ਹਜ਼ਾਰ 246 ਵੋਟਾਂ ਨਾਲ ਤੀਜੇ ਸਥਾਨ ਤੇ ਰਹੇ। ਭਾਜਪਾ ਦੇ ਅਰਵਿੰਦ ਖੰਨਾ ਚੌਥੇ ਅਤੇ ਸ਼ਿਰੋਮਣੀ ਅਕਾਲੀ ਦਲ ਦੇ ਉਮੀਦਵਾਰ ਪੰਜਵੇਂ ਸਥਾਨ ਤੇ ਪਹੁੰਚ ਗਏ। ਪਟਿਆਲਾ ਤੋਂ ਕਾਂਗਰਸ ਪਾਰਟੀ ਦੇ ਡਾਕਟਰ ਧਰਮਵੀਰ ਗਾਂਧੀ ਨੇ ਆਮ ਆਦਮੀ ਪਾਰਟੀ ਦੇ ਡਾਕਟਰ ਬਲਬੀਰ ਸਿੰਘ ਨੂੰ 14 ਹਜ਼ਾਰ 831 ਵੋਟਾਂ ਦੇ ਫਰਕ ਨਾਲ ਹਰਾਇਆ। ਡਾਕਟਰ ਗਾਂਧੀ ਨੂੰ 3 ਲੱਖ 5 ਹਜ਼ਾਰ 616 ਵੋਟ ਮਿਲੇ ਜਦਕਿ ਡਾਕਟਰ ਬਲਬੀਰ ਸਿੰਘ ਦੇ ਹੱਕ ਵਿਚ 2 ਲੱਖ 90 ਹਜ਼ਾਰ 785 ਵੋਟਾਂ ਪਈਆਂ। ਭਾਜਪਾ ਦੇ ਪ੍ਰਨੀਤ

ਕੌਰ 2 ਲੱਖ 88 ਹਜ਼ਾਰ 998 ਵੋਟਾਂ ਲੈ ਕੇ ਤੀਜੇ ਸਥਾਨ ਤੇ ਰਹੇ । ਅੰਮ੍ਰਿਤਸਰ ਤੋਂ ਕਾਂਗਰਸ ਪਾਰਟੀ ਦੇ ਗੁਰਜੀਤ ਸਿੰਘ ਔਜਲਾ ਨੂੰ 2 ਲੱਖ 55 ਹਜ਼ਾਰ 181 ਵੋਟ ਮਿਲੇ ਅਤੇ ਉਨਾਂ ਆਮ ਆਦਮੀ ਪਾਰਟੀ ਦੇ ਕੁਲਦੀਪ ਸਿੰਘ ਧਾਲੀਵਾਲ ਨੂੰ 40 ਹਜ਼ਾਰ 301 ਵੋਟਾਂ ਦੇ ਫਰਕ ਨਾਲ ਹਰਾਇਆ। ਭਾਜਪਾ ਦੇ ਤਰਨਜੀਤ ਸਿੰਘ ਸੰਧੂ 2 ਲੱਖ 7 ਹਜ਼ਾਰ 205 ਵੋਟ ਲੈ ਕੇ ਤੀਜੇ ਸਥਾਨ ਤੇ ਰਹੇ।

---------------------------------------------------------------

ਇੰਟਰੋ:ਲੋਕਸਭਾ ਚੋਣਾਂ ਦੇ ਨਤੀਜਿਆਂ ਨੇ ਕਈ ਹਲਕਿਆਂ ਵਿਚ ਉਲਟ ਫੇਰ ਕੀਤਾ ਏ।

***ਵੇਰਵੇ ਨਾਲ ਇਹ ਰਿਪੋਰਟ:-- ਲੋਕਸਭਾ ਚੋਣਾਂ ਸੰਬੰਧੀ ਪੰਜਾਬ ਦੇ ਨਤੀਜਿਆਂ ਨੇ ਸੂਬੇ ਦੇ ਲੋਕਾਂ ਸਮੇਤ ਹੋਰਨਾਂ ਸਿਆਸੀ ਮਾਹਰਾਂ ਨੂੰ ਹੈਰਾਨ ਕੀਤਾ ਏ। ਖਾਸ ਤੌਰ ਤੇ ਖਡੂਰ ਸਾਹਿਬ ਲੋਕਸਭਾ ਹਲਕੇ ਤੋਂ ਅੰਮ੍ਰਿਤ ਪਾਲ ਸਿੰਘ ਦੀ ਜਬਰਦਸਤ ਜਿੱਤ ਤੋਂ ਸਿਆਸੀ ਮਾਹਰ ਹੈਰਾਨ ਨੇ। ਫਰੀਦਕੋਟ ਲੋਕਸਭਾ ਹਲਕੇ ਤੋਂ ਵੀ ਆਜ਼ਾਦ ਉਮੀਦਵਾਰ ਸਰਬਜੀਤ ਸਿੰਘ ਖਾਲਸਾ ਕਾਮਯਾਬ ਹੋਏ ਨੇ ਅਤੇ ਉਨਾਂ ਦੀ ਜਿੱਤ ਨੂੰ***

*ਸਿਆਸੀ ਮਾਹਰ ਚੋਣ ਦੇ ਅਖੀਰਲੇ ਦਿਨਾਂ ਵਿਚ ਬਦਲੀ ਹਵਾ ਦਾ ਨਤੀਜਾ ਦੱਸਦੇ ਨੇ । ਜੇਕਰ ਗੱਲ ਸੱਤਧਾਰੀ ਆਮ ਆਦਮੀ ਪਾਰਟੀ ਦੀ ਕਰਿਏ ਤਾਂ ਇਸ ਦੇ ਚਾਰ ਕੈਬਿਨੇਟ ਮੰਤਰੀ ਅੰਮ੍ਰਿਤਸਰ, ਪਟਿਆਲਾ, ਬਠਿੰਡਾ ਅਤੇ ਖਡੂਰ ਸਾਹਿਬ ਤੋਂ ਹਾਰ ਗਏ ਨੇ । ਭਾਵੇਂ ਆਮ ਆਦਮੀ ਪਾਰਟੀ ਨੂੰ ਤਿੰਨ ਸੀਟਾਂ ਹਾਸਲ ਹੋਇਆਂ ਨੇ ਪਰ 2022 ਦੀਆਂ ਆਮ ਚੋਣਾਂ ਵਿਚ ਜਬਰਦਸਤ ਜਿੱਤ ਹਾਸਲ ਕਰਨ ਵਾਲੀ ਇਸ ਪਾਰਟੀ ਨੂੰ ਲੋਕਸਭਾ ਚੋਣਾਂ ਵਿਚ ਲੋਕਾਂ ਨੇ ਇਕ ਤਰਾਂ ਨਾਲ ਨਕਾਰ ਹੀ ਦਿੱਤਾ ਏ । ਪਾਰਟੀ ਨੂੰ 26 ਇਸ਼ਾਰਿਆ 1 - 9 ਫੀਸਦੀ ਵੋਟ ਤਾਂ ਮਿਲੇ ਪਰ ਸੀਟਾਂ ਤਿੰਨ ਹੀ ਹਾਸਲ ਹੋਇਆਂ ਜਦਕਿ ਕਾਂਗਰਸ ਪਾਰਟੀ 26 ਇਸ਼ਾਰਿਆ 2 -6 ਵੋਟ ਫੀਸਦੀ ਨਾਲ ਸੱਤ ਸੀਟਾਂ ਜਿੱਤਣ ਵਿਚ ਕਾਮਯਾਬ ਰਹੀ ਏ ਅਤੇ ਇਨਾਂ ਚੋਣਾਂ ਵਿਚ ਉਸ ਦਾ ਕੁਝ ਖਾਸ ਨੁਕਸਾਨ ਨਹੀਂ ਹੋਇਆ ਕਿਓਂਕਿ 2109 ਦੀਆਂ ਲੋਕਸਭਾ ਚੋਣਾਂ ਵਿਚ ਕਾਂਗਰਸ ਪਾਰਟੀ ਨੇ 8 ਹਲਕਿਆਂ ਵਿਚ ਜਿੱਤ ਹਾਸਲ ਕੀਤੀ ਸੀ । ਭਾਜਪਾ ਨੇ ਭਾਵੇਂ ਇਸ ਵਾਰ ਕੋਈ ਸੀਟ ਨਹੀਂ ਜਿੱਤੀ ਏ ਪਰ ਪਹਿਲੀ ਵਾਰ ਸਾਰੇ ਹੀ 13*

*ਲੋਕਸਭਾ ਹਲਕਿਆਂ ਵਿਚ ਚੋਣ ਲੜ ਕੇ ਇਸ ਨੇ ਕੁਲ 18 ਇਸ਼ਾਰਿਆ 3 - 4 ਫੀਸਦੀ ਵੋਟ ਹਾਸਲ ਕੀਤੇ ਨੇ। 2024 ਦੀਆਂ ਚੋਣਾਂ ਦੀ ਖਾਸ ਗੱਲ ਇਹ ਰਹੀ ਕਿ ਇਹ ਬਿਨਾ ਕਿਸੇ ਸਿਆਸੀ ਗਠਜੋੜ ਤੋਂ ਹੋਇਆਂ ਅਤੇ ਇਸ ਨਾਲ ਹਰ ਪਾਰਟੀ ਨੂੰ ਸਿਆਸੀ ਮੈਦਾਨ ਵਿਚ ਆਪਣੀ ਹੋਂਦ ਦਾ ਪਤਾ ਚੱਲ ਗਿਆ ਏ। ਖ਼ਾਸਤੌਰ ਤੇ ਸੂਬੇ ਦੀ ਰਵਾਇਤੀ ਪਾਰਟੀ ਸ਼ਿਰੋਮਣੀ ਅਕਾਲੀ ਦਲ ਦੇ ਉਮੀਦਵਾਰਾਂ ਦਾ ਚੌਥੇ ਤੇ ਪੰਜਵੇਂ ਨੰਬਰ ਤੇ ਖਿਸਕਣਾ ਇਸ ਪਾਰਟੀ ਲਈ ਬਹੁਤ ਵੱਡੀ ਚਿੰਤਾ ਦਾ ਵਿਸ਼ਾ ਏ ਅਤੇ ਇਸ ਬਾਰੇ ਪਾਰਟੀ ਨੂੰ ਸਖਤ ਆਤਮ ਪੜਚੋਲ ਕਰਨ ਦੀ ਜਰੂਰਤ ਏ। ਸ਼ਿਸ਼ੂ ਸ਼ਰਮਾ ਸ਼ਾਂਤਲ, ਆਕਾਸ਼ਵਾਣੀ ਸਮਾਚਾਰ, ਜਲੰਧਰ*

---------------------------------------------------

ਸੰਗਰੂਰ ਵਿਚ ਆਮ ਆਦਮੀ ਪਾਰਟੀ ਦੇ ਉਮੀਦਵਾਰ ਤੇ ਕੈਬਿਨੇਟ ਮੰਤਰੀ ਗੁਰਮੀਤ ਸਿੰਘ ਮੀਤ ਹੇਯਰ ਨੇ ਇਕ ਵੱਡੀ ਜਿੱਤ ਹਾਸਲ ਕੀਤੀ ਏ ਜਦਕਿ ਪਾਰਟੀ ਦੇ ਚਾਰ ਹੋਰ ਮੰਤਰੀਆਂ ਨੂੰ ਹਰ ਦਾ ਸਾਹਮਣਾ ਕਰਨਾ ਪਿਆ। ਇਸ ਬਾਰੇ ਸੰਗਰੂਰ ਦੇ ਨਿਵਾਸੀ ਸੀਨੀਅਰ ਪਤਰਕਾਰ

ਦੱਸਦੇ ਨੇ। ਏਧਰ ਫਰੀਦਕੋਟ ਵਿਖੇ ਆਜ਼ਾਦ ਉਮੀਦਵਾਰ ਸਰਬਜੀਤ ਸਿੰਘ ਖਾਲਸਾ ਨੂੰ ਜਿੱਤ ਹਾਸਲ ਹੋਈ। ਉਨਾਂ ਦੀ ਜਿੱਤ ਬਾਰੇ ਜਾਣਕਾਰੀ ਦੇਂਦੀਆਂ ਇਲਾਕੇ ਦੇ ਸੀਨੀਅਰ ਪਤਰਕਾਰ ਨੇ ਦੱਸਿਆ

ਇਸੇ ਤਰਾਂ ਨਾਲ ਖਾਬੂਰ ਸਾਹਿਬ ਲੋਕਸਭਾ ਹਲਕੇ ਤੋਂ ਵਾਰਿਸ ਪੰਜਾਬ ਦੇ ਸੰਗਠਨ ਦੇ ਮੁਖੀ ਅੰਮ੍ਰਿਤ ਪਾਲ ਸਿੰਘ ਨੂੰ ਜਬਰਦਸਤ ਜਿੱਤ ਹਾਸਲ ਹੋਈ ਏ। ਐਨ ਇਸ ਏ ਤਹਿਤ ਅਸਾਮ ਦੀ ਜੇਲ ਵਿਚ ਬੰਦ ਅੰਮ੍ਰਿਤ ਪਾਲ ਸਿੰਘ ਆਖਿਰ ਇਨਾਂ ਵਾਡਾ ਜਾਨ ਸਮਰਥਨ ਹਾਸਲ ਕਾਰਨ ਵਿਚ ਕਿਵੇਂ ਕਾਮਯਾਬ ਰਹੇ ਇਸ ਬਾਰੇ ਸਾਡੇ ਕਪੂਰਥਲਾ ਪਤਰਕਾਰ ਸੁਕੇਟ ਗੁਪਤਾ ਦੱਸਦੇ ਨੇ।

---------------------------------------------------------------

ਏਧਰ ਬੈਂਕ ਦੇ ਰਿਟਾਇਰਡ ਅਧਿਕਾਰੀ ਐਸ ਕੇ ਕਪੂਰ ਦਾ ਕਹਿਣਾ ਏ ਕਿ ਲੋਕਾਂ ਦਾ ਭਰੋਸਾ ਰਵਾਇਤੀ ਪਾਰਟੀਆਂ ਤੋਂ ਖ਼ਤਮ ਹੁੰਦਾ ਜਾ ਰਿਹਾ ਏ।

---------------------------------------------------------------

**ਅਖੀਰ ਵਿਚ ਖਾਸ ਖਬਰਾਂ ਇਕ ਵਾਰ ਫੇਰ ਤੋਂ**

- ਪੰਜਾਬ ਵਿਚ ਕਾਂਗਰਸ ਨੂੰ ਤਿੰਨ ਹਲਕਿਆਂ ਵਿਚ ਜਿੱਤ ਮਿਲੀ ਤੇ ਚਾਰ ਤੇ ਉਮੀਦਵਾਰ ਅਗੇ । ਆਮ ਆਦਮੀ ਪਾਰਟੀ ਨੂੰ ਇਕ ਹਲਕੇ ਵਿਚ ਜਿੱਤ ਹਾਸਲ ਤੇ ਦੋ ਤੇ ਉਮੀਦਵਾਰ ਅਗੇ, ਸ਼ਿਰੋਮਣੀ ਅਕਾਲੀ ਦਲ ਨੂੰ ਇਕ ਅਤੇ ਆਜ਼ਾਦ ਨੂੰ ਦੋ ਸੀਟਾਂ ਮਿਲਣ ਦੇ ਆਸਾਰ ।
- ਸਾਰੇ ਨਤੀਜੇ ਦੇਰ ਰਾਤ ਤਕ ਐਲਾਨੇ ਜਾਣ ਦੀ ਉਮੀਦ ।
- ਆਮ ਆਦਮੀ ਪਾਰਟੀ ਦੇ ਪੰਜ ਵਿਚੋਂ ਚਾਰ ਮੰਤਰੀਆਂ ਨੂੰ ਹਾਰ ਦਾ ਸਾਹਮਣਾ ਕਰਨਾ ਪਿਆ ਏ ।
- ਸ਼ਿਰੋਮਣੀ ਅਕਾਲੀ ਦਲ ਦੇ ਉਮੀਦਵਾਰ ਵੀ ਜ਼ਿਆਦਾਤਰ ਹਲਕਿਆਂ ਵਿਚ ਤੀਜੇ ਤੋਂ ਪੰਜਵੇਂ ਸਥਾਨ ਤੇ ਰਹੇ ।
- ਖਡੂਰ ਸਾਹਿਬ ਤੇ ਫਰੀਦਕੋਟ ਤੋਂ ਆਜ਼ਾਦ ਉਮੀਦਵਾਰਾਂ ਨੂੰ ਵੋਟਰਾਂ ਨੇ ਦਿੱਤਾ ਭਾਰੀ ਸਮਰਥਨ ।